ਪੰਜਾਬ ਹੋਮਗਾਰਡਜ ਅਤੇ ਸਿਵਲ ਰੱਖਿਆ ਵਿਭਾਗ

ਭਰਤੀ - 2●16

ਵੱਲੋਂ
ਕਮਾਂਡੈਂਟ ਜਨਰਲ, ਹੋਮਗਾਰਡਜ ਅਤੇ
ਡਾਇਰੈਕਟਰ, ਸਿਵਲ ਰੱਖਿਆ, ਪੰਜਾਬ, ਚੰਡੀਗੜ੍ਹ।

ਹਦਾਇਤ ਪੱਤਰ

ਪੰਜਾਬ ਹੋਮ ਗਾਰਡਜ ਅਤੇ ਸਿਵਲ ਰੱਖਿਆ

ਭਰਤੀ-2●16 ਲਈ ਪ੍ਰਾਸਪੈਕਟਸ ਅਤੇ ਬਿਨੈ-ਪੱਤਰ

ਪੰਜਾਬ ਹੋਮ ਗਾਰਡਜ ਅਤੇ ਸਿਵਲ ਰੱਖਿਆ ਵਿਭਾਗ, ਪੰਜਾਬ ਵਿੱਚ ਹੇਠ ਦਿੱਤੀਆਂ ਆਸਾਮੀਆਂ ਭਰਨ ਲਈ ਬਿਨੈਕਾਰਾਂ ਤੋਂ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ:-

ਲੜੀ ਨੰ:	ਆਸਾਮੀ ਦਾ ਨਾਂ	ਤਨਖਾਹ ਸਕੇਲ	ਆਸਾਮੀਆਂ ਦੀ ਗਿਣਤੀ	ਜਨਰਲ	ਐਸ.ਸੀ./ ਐਸ.ਟੀ.		ਬੀ.ਸੀ.	ਅੰਗਹੀਣ ਕੋਟਾ			ਸਪੋਰਟਸ ਕੋਟਾ			ਫਰੀਡਮ ਫਾਈਟਰ	ਸਾਬਕਾ ਫੌਜੀ/ ਸਾਬਕਾ ਫੌਜੀ ਆਸਰਿਤ			
					ਮ.ਸ. ਅਤੇ ਹੋਰ *	ਰ.ਸ. ਅਤੇ ਹੋਰ **	***	ਨੇਤਰਹੀਣ	ਗੁੰਗਾ/ਬੋਲਾ	ਫਿਜਿਕਲ ਹੈਂਡੀ.	ਜਨਰਲ	ਐਸ.ਸੀ. (ਮ.ਸ ਅਤੇ ਹਰ)	ਐਸ.ਸੀ. (ਰ.ਸ ਅਤੇ ਹੋਰ		ਜਨਰਲ	ਐਸ.ਸੀ. (ਮ.ਸ ਅਤੇ ਹਰ)	ਐਸ.ਸੀ. (ਰ.ਸ ਅਤੇ ਹੋਰ	ਬੀ.ਸੀ.
1.	ਕਲਰਕ	10300-34800+ 3200 G.P.	45	06	11	07	--	-	-	-	03	01	--	01	08	03	02	03
2.	ਕਾਰਪੋਰਲ ਇੰਸਟਰਕਟਰ	5910-20200+ 1900 G.P	57	**23**	**07**	**07**	**07**	**-**	**-**	**-**	**01**	**01**	--	**01**	**06**	**02**	01	**01**
3.	ਕਾਰਪੋਰਲ ਆਰਮੋਰਰ	5910-20200+ 1900 G.P	01	--	--	--	--	--	--	--	--	--	--	--	--	--	01	--
4.	ਬੈਂਡਮੈਨ	5910-20200+ 1900 G.P	01	--	--	--	--	--	--	--	--	--	--	--	--	**01**	--	--
5.	ਚੌਕੀਦਾਰ -ਦਰਜਾ-4	4900-1068● 165● ਗ੍ਰੇਡ ਪੇ	62	33	**04**	**-**	**10**	--	--	--	**01**	**01**		**01**	**07**	**02**	**01**	**02**
6.	ਕੁੱਕ	-ਉਹੀ-	16	09	--	-	**02**	--	--	--	--	--		--	**03**	**01**	**01**	--
7.	ਸਵੀਪਰ	-ਉਹੀ-	08	--		-	**04**	--	--	**01**	--	--		--	**02**	**01**		--
8.	ਮੋਚੀ	-ਉਹੀ-	01	--	**01**	-	--	--	--	--	--	--		--	--	--		--
9.	ਧੋਬੀ	-ਉਹੀ-	01	--	--	-	**01**	--	--	--	--	--		--	--	--		--
10.	ਮਾਲੀ	-ਉਹੀ-	01	01	--	-	--	--	--	--	--	--		--	--	--		--
11.	ਨਾਈ	-ਉਹੀ-	01	--	--	-	**01**	--	--	--	--	--		--	--	--		--
	ਕੁੱਲ ਜੋੜ	----	**194**	72	**23**	**14**	**25**	--	--	**01**	**05**	**03**		**03**	**26**	**10**	**06**	**06**

*** ਮ.ਸ.-ਮਜ਼ਬੀ ਸਿੱਖ, ** ਰ.ਸ. -ਰਾਮਦਾਸੀਆ ਸਿੱਖ, *** ਬੀ.ਸੀ.- ਬੈਕਵਰਡ ਕਲਾਸ।**

1) ਇਹ ਆਸਾਮੀਆਂ ਪੁਰਸਾਂ ਅਤੇ ਮਹਿਲਾਵਾਂ ਲਈ ਹਨ।

2) ਸਮਰੱਥ ਅਧਿਕਾਰੀ ਦੇ ਦਿਸਾ ਨਿਰਦੇਸਾਂ ਅਨੁਸਾਰ ਆਸਾਮੀਆਂ ਵਿੱਚ ਲੋੜ ਅਨੁਸਾਰ ਤਬਦੀਲੀ ਕੀਤੀ ਜਾ ਸਕਦੀ ਹੈ।

3. ਸਾਰੇ ਯੋਗ ਉਮੀਦਵਾਰ ਪੰਜਾਬ ਹੋਮ ਗਾਰਡਜ ਅਤੇ ਸਿਵਲ ਰੱਖਿਆ ਵਿਭਾਗ ਵਿੱਚ ਭਰਤੀ ਕੀਤੇ ਜਾਣਗੇ।

4. ਉਮੀਦਵਾਰ ਨੂੰ ਸਾਰੇ ਪੜਾਅ ਪੂਰੇ ਕਰਨੇ ਹੋਣਗੇ।

<u>ਤਨਖਾਹ:-</u>

ਚੁਣੇ ਹੋਏ ਬਿਨੈਕਾਰਾਂ ਦੀ ਨਿਯੁਕਤੀ ਉਪਰੋਕਤ ਆਸਾਮੀਆਂ ਵਿਰੁੱਧ ਲਿਖੇ ਤਨਖਾਹ ਸਕੇਲਾਂ ਵਿੱਚ ਕੀਤੀ ਜਾਵੇਗੀ। ਨਵੀਆਂ ਆਸਾਮੀਆਂ ਤੇ ਨਿਯੁਕਤ ਕਰਮਚਾਰੀਆਂ ਦਾ ਪਰਖਕਾਲ ਸਮਾਂ 3 ਸਾਲ ਦਾ ਹੋਵੇਗਾ। ਨਿਯੁਕਤੀ ਦੀ ਮਿਤੀ ਨੂੰ ਕਰਮਚਾਰੀ ਨੂੰ ਆਸਾਮੀ ਦੀ ਮਿਲਣਯੋਗ ਬੇਸਿਕ ਪੇਅ 3 ਸਾਲ ਤੱਕ ਬਤੌਰ ਬੱਝਵੀ ਤਨਖਾਹ **(consolidated salary)** ਵਜੋਂ ਦਿੱਤੀ ਜਾਵੇਗੀ ਅਤੇ 3 ਸਾਲ ਦੌਰਾਨ ਉਸ ਵਿੱਚ ਕੋਈ ਵਾਧਾ ਨਹੀ ਕੀਤਾ ਜਾਵੇਗਾ। ਪਰਖਕਾਲ ਸਮੇਂ ਦੌਰਾਨ ਉਸਨੂੰ ਗਰੇਡ ਪੇਅ, ਸਾਲਾਨਾ ਤਰੱਕੀ ਜਾਂ ਹੋਰ ਕੋਈ ਭੱਤੇ, ਸਿਵਾਏ ਸਫਰੀ ਭੱਤੇ ਦੇ ਮਿਲਣਯੋਗ ਨਹੀ ਹੋਣਗੇ।

<u>ਯੋਗਤਾਵਾਂ:-</u>

ਲੜੀ ਨੰ: ●1 ਦੀ ਆਸਾਮੀ ਲਈ

ਕਿਸੇ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਗਰੈਜੂਏਟ ਜਾਂ ਉਸਦੇ ਬਰਾਬਰ ਦੀ ਮਾਨਤਾ ਪ੍ਰਾਪਤ ਵਿਦਿਅਕ ਯੋਗਤਾ। ਬਿਨੈਕਾਰ ਨੇ ਕਿਸੇ ਮਾਨਤਾ ਪ੍ਰਾਪਤ ਸੰਸਥਾ ਜਾਂ ਹੋਰ ਉੱਚ ਦਰਜੇ ਦੀ ਸੰਸਥਾ ਜੋ ਕਿ ਆਈ.ਐਸ.ਓ- 9●●1 ਤੋਂ ਤਸਦੀਕ ਹੋਵੇ ਤੋਂ ਨਿੱਜੀ ਕੰਪਿਊਟਰ ਦੀ ਵਰਤੋਂ ਬਾਰੇ ਜਾਂ ਦਫਤਰ ਪ੍ਰਬੰਧਨ ਐਪਲੀਕੇਸਨ ਵਿੱਚ ਸੂਚਨਾਂ ਤਕਨਾਲੌਜੀ ਜਾਂ ਡੈਕਸਟਾਪ ਪਬਲਿਸਿੰਗ ਐਪਲੀਕੇਸਨ ਵਿੱਚ ਘੱਟ ਤੋਂ ਘੱਟ 12● ਘੰਟਿਆਂ ਦਾ ਕੋਰਸ ਕੀਤਾ ਹੋਵੇ ਜਾਂ ਅਜਿਹਾ ਸੂਚਨਾਂ ਤਕਨਾਲੌਜੀ ਦਾ ਕੋਰਸ ਕੀਤਾ ਹੋਵੇ ਜੋ ਕਿ ਡਿਪਾਰਟਮੈਂਟ ਆਫ ਇਲੈਕਟ੍ਰਾਨਿਕਸ, ਐਕਰੀਡਿਟੇਸਨ ਆਫ ਕੰਪਿਊਟਰ ਕੋਰਸੀਜ (DOEACC) ਭਾਰਤ ਸਰਕਾਰ ਦੇ 'O' ਲੈਵਲ ਸਰਟੀਫਿਕੇਟ ਦੇ ਬਰਾਬਰ ਹੋਵੇ।

ਚੁਣੇ ਹੋਏ ਉਮੀਦਵਾਰ ਵਲੋਂ ਕਲਰਕ ਦੀ ਨਿਯੁਕਤੀ ਤੋਂ ਪਹਿਲਾਂ 3● ਸਬਦ ਪ੍ਰਤੀ ਮਿੰਟ ਦੀ ਰਫਤਾਰ ਤੇ ਪੰਜਾਬੀ ਅਤੇ ਅੰਗਰੇਜੀ ਟਾਈਪ ਰਾਈਟਿੰਗ ਦਾ ਟੈਸਟ ਕੰਪਿਊਟਰ ਤੇ ਪਾਸ ਕਰਨਾ ਲਾਜਮੀ ਹੋਵੇਗਾ।

ਲੜੀ ਨੰ: ●2 ਦੀ ਆਸਾਮੀ ਲਈ

ਕਿਸੇ ਮਾਨਤਾ ਪ੍ਰਾਪਤ ਬੋਰਡ ਤੋਂ ਮੈਟ੍ਰਿਕੁਲੇਟ ਹੋਵੇ। ਪੰਜਾਬ ਹੋਮ ਗਾਰਡਜ ਵਿਭਾਗ ਦੇ ਪਾਰਟ ਟਾਈਮ ਵਲੰਟੀਅਰਜ, ਜੋ ਤਿੰਨ ਸਾਲ ਦਾ ਤਜਰਬਾ, ਐਨ.ਸੀ.ਸੀ. "ਏ" ਸਰਟੀਫਿਕੇਟ ਜਾਂ ਹੋਮ ਗਾਰਡਜ/ਸਿਵਲ ਡਿਫੈਂਸ ਸਰਟੀਫਿਕੇਟ ਰੱਖਦੇ ਹੋਣ ਨੂੰ ਪਹਿਲ ਦਿੱਤੀ ਜਾਵੇਗੀ।

ਲੜੀ ਨੰ: ●3 ਦੀ ਆਸਾਮੀ ਲਈ

ਐਕਸ ਸਰਵਿਸਮੈਨ/ਪੁਲਿਸ ਕੁਆਲੀਫਾਈਡ ਆਰਮੋਰਰ, ਜਿਸਦੀ ਘੱਟ ਤੋਂ ਘੱਟ ਯੋਗਤਾ ਅੱਠਵੀਂ ਪਾਸ ਹੋਵੇ।

ਲੜੀ ਨੰ: ●4 ਦੀ ਆਸਾਮੀ ਲਈ

ਐਕਸ-ਸਰਵਿਸਮੈਨ/ਪੁਲਿਸ ਟ੍ਰੇਂਡ ਬੈਂਡਜਮੈਨ, ਜਿਸਨੂੰ ਸਾਈਡ ਡਰੱਮ, ਬਰਾਸ ਡਰੱਮ, ਬੈਗ ਪਾਈਪ ਅਤੇ ਬਿਗੁਲ ਵਜਾਉਣ ਵਿੱਚ ਮੁਹਾਰਤ ਹਾਸਲ ਹੋਵੇ, ਘੱਟੋ-ਘੱਟ ਅੱਠਵੀਂ ਪਾਸ ਹੋਵੇ ਅਤੇ ਦੋ ਸਾਲ ਦਾ ਤਜਰਬਾ ਰੱਖਦਾ ਹੋਵੇ।

ਲੜੀ ਨੰ: ●5 ਦੀ ਆਸਾਮੀ ਲਈ

ਬਿਨੈਕਾਰ ਅੱਠਵੀਂ ਪਾਸ ਹੋਣਾ ਚਾਹੀਦਾ ਹੈ।

ਸਾਧਾਰਣ ਹਦਾਇਤਾਂ

ਨਾਗਰਿਕਤਾ:- ਬਿਨੈਕਾਰ ਭਾਰਤ ਦੇ ਨਗਰਿਕ ਹੋਣੇ ਚਾਹੀਦੇ ਹਨ।

ਉਮਰ:- ਬਿਨੈਕਾਰਾਂ ਦੀ ਉਮਰ, ਉਪਰੋਕਤ ਸਾਰੀਆਂ ਆਸਾਮੀਆਂ ਲਈ 18 ਸਾਲ ਤੋਂ 37 ਸਾਲ ਦੇ ਵਿੱਚ ਹੋਣੀ ਚਾਹੀਦੀ ਹੈ। ਜਿਸ ਵਿੱਚ ਰਾਖਵੀਂਆਂ ਆਸਾਮੀਆਂ ਨੂੰ ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਛੋਟ ਦਿੱਤੀ ਜਾਵੇਗੀ। ਉਮਰ ਅਪਲਾਈ ਕਰਨ ਦੀ ਅਖੀਰਲੀ ਮਿਤੀ 14.10.2016 ਅਨੁਸਾਰ ਕੈਲਕੂਲੇਟ ਕੀਤੀ ਜਾਵੇਗੀ। ਪੰਜਾਬ ਦੀਆਂ ਅਨੁਸੂਚਿਤ ਜਾਤੀਆਂ ਅਤੇ ਬੈਕਵਰਡ ਕਲਾਸਾਂ ਨਾਲ ਸਬੰਧਤ ਬਿਨੈਕਾਰਾਂ ਨੂੰ 05 ਸਾਲ ਤੱਕ ਦੀ ਛੋਟ ਦਿੱਤੀ ਜਾ ਸਕਦੀ ਹੈ। ਪੰਜਾਬ ਸਰਕਾਰ/ਕਿਸੇ ਹੋਰ ਰਾਜ ਸਰਕਾਰ/ਕੇਂਦਰੀ ਸਰਕਾਰ ਦੇ ਮੁਲਾਜਮ ਨੂੰ ਉਪਰਲੀ ਏਜ ਲਿਮਿਟ (Upper Age Limit) ਵਿੱਚ 47 ਸਾਲ ਤੱਕ ਦੀ ਛੋਟ ਦਿੱਤੀ ਜਾਂਦੀ ਹੈ।

ਐਕਸ ਸਰਵਿਸਮੈਨ ਉਮੀਦਵਾਰਾਂ ਲਈ ਉਮਰ ਸਬੰਧੀ ਹਦਾਇਤਾਂ:-

They shall be given relaxation in the upper age limit by 03 years plus the number of years of service rendered in the Defence Forces. However, the period between discharge from defence services and re-employment should not exceed 24 months (02 years).

ਪੰਜਾਬੀ ਭਾਸਾ ਦੀ ਜਾਣਕਾਰੀ:-

ਬਿਨੈਕਾਰਾਂ ਨੇ ਪੰਜਾਬੀ ਭਾਸਾ ਦਾ ਟੈਸਟ ਕਿਸੇ ਮਾਨਤਾ ਪ੍ਰਾਪਤ ਬੋਸਰਡ ਤੋਂ ਮੈਟ੍ਰਿਕੁਲੇਸਨ ਤੱਕ ਲਾਜਮੀ ਤੌਰ ਤੇ ਪਾਸ ਕੀਤਾ ਹੋਵੇ ਜਾਂ ਭਾਸਾ ਵਿਭਾਗ, ਪੰਜਾਬ ਦਾ ਪੇਪਰ ਪਾਸ ਕੀਤਾ ਹੋਵੇ। ਪਰੰਤੂ ਐਕਸ-ਸਰਵਿਸਮੈਨ ਦੇ ਕੇਸ ਵਿੱਚ ਇਹ ਟੈਸਟ ਨਿਯੁਕਤੀ ਤੋਂ 06 ਮਹੀਨੇ ਦੇ ਅੰਦਰ-ਅੰਦਰ ਪਾਸ ਕਰਨਾ ਹੋਵੇਗਾ। ਅਜਿਹੀਆਂ ਆਸਾਮੀਆਂ ਜਿਨ੍ਹਾਂ ਦੀ ਵਿਦਿਅਕ ਯੋਗਤਾ ਮੈਟ੍ਰਿਕੁਲੇਸਨ/ਦਸਵੀਂ ਤੋਂ ਘੱਟ ਹੈ, ਅਜਿਹੇ ਕੇਸਾਂ ਵਿੱਚ ਪੰਜਾਬੀ ਭਾਸਾ ਦਾ ਸਟੈਂਡਰਡ ਲੋੜ ਅਨੁਸਾਰ ਘਟਾ ਲਿਆ ਜਾਵੇਗਾ।

ਨਿਯੁਕਤੀ/ਡਿਊਟੀ ਦੀ ਥਾਂ:-

ਚੋਣੇ ਹੋਏ ਸਫਲ ਉਮੀਦਵਾਰਾਂ ਦੀ ਨਿਯੁਕਤੀ ਭਾਰਤ ਭਰ ਵਿੱਚ ਕਿਤੇ ਵੀ ਜਾਂ ਵਿਦੇਸ ਵਿੱਚ ਕਮਾਂਡੈਂਟ ਜਨਰਲ ਹੋਮ ਗਾਰਡਜ ਅਤੇ ਡਾਇਰੈਕਟਰ ਸਿਵਲ ਰੱਖਿਆ, ਪੰਜਾਬ, ਚੰਡੀਗੜ੍ਹ ਜੀ ਦੇ ਹੁਕਮਾਂ ਅਨੁਸਾਰ ਕੀਤੀ ਜਾ ਸਕੇਗੀ।

ਕਲਰਕ ਦੀ ਆਸਾਮੀ ਲਈ ਚੋਣ ਪ੍ਰੀਕ੍ਰਿਆ

ਲਿਖਤੀ ਟੈਸਟ:- ਸਾਰੇ ਯੋਗ ਬਿਨੈਕਾਰਾਂ ਨੂੰ ਲਿਖਤੀ ਟੈਸਟ ਵਿੱਚ ਹਿੱਸਾ ਲੈਣਾ ਹੋਵੇਗਾ, ਜੋ ਕਿ 100 ਨੰਬਰਾਂ ਦਾ ਹੋਵੇਗਾ। ਇਹ ਟੈਸਟ ਅਜਿਹੇ ਵਿਸਿਆਂ ਤੇ ਅਧਾਰਿਤ ਹੋਵੇਗਾ, ਜਿਵੇਂ ਰਾਸਟਰੀ ਅਤੇ ਅੰਤਰਰਾਸਟਰੀ ਮੁੱਦਿਆਂ ਤੇ ਜਨਰਲ ਅਵੇਅਰਨੈਸ, ਭਾਰਤ ਸਬੰਧੀ ਜਾਣਕਾਰੀ, ਖਾਸ ਤੌਰ ਤੇ ਪੰਜਾਬ ਰਾਜ ਸਬੰਧੀ, ਜਨਰਲ ਸਾਇੰਸ, ਸੂਚਨਾਂ ਤਕਨਾਲੌਜੀ ਅਤੇ ਉਸਦੀ ਐਪਲੀਕੇਸਨਜ ਬਾਰੇ, ਨਯੂਮੈਰੀਕਲ ਐਪਟੀਚਿਊਡ (Numerical Aptitude), ਰੀਜਨਿੰਗ (Reasoning) ਦਾ ਟੈਸਟ ਅਤੇ ਕਾਮਪ੍ਰੀਹੈਂਸਨ (Comprehension) ਆਦਿ। ਇਸ ਟੈਸਟ ਵਿੱਚ ਪਾਸ ਹੋਣ ਲਈ ਘੱਟ ਤੋਂ ਘੱਟ 40% ਨੰਬਰ ਪ੍ਰਾਪਤ ਕਰਨਾ ਲਾਜਮੀ ਹੈ। ਅਨੁਸੂਚਿਤ ਜਾਤੀ, ਜਨ-ਜਾਤੀ ਅਤੇ ਬੈਕਵਰਡ ਕਲਾਸ ਨਾਲ ਸਬੰਧਤ ਬਿਨੈਕਾਰਾਂ ਲਈ ਇਸ ਟੈਸਟ ਵਿੱਚ 35% ਨੰਬਰ ਘੱਟ ਤੋਂ ਘੱਟ ਪ੍ਰਾਪਤ ਕਰਨਾ ਲਾਜਮੀ ਹੈ।

ਲਿਖਤੀ ਟੈਸਟ ਵਿੱਚੋਂ ਮੈਰਿਟ ਵਿੱਚ ਆਏ ਉਮੀਦਵਾਰਾਂ ਵਲੋਂ ਕਲਰਕ ਦੀ ਨਿਯੁਕਤੀ ਤੋਂ ਪਹਿਲਾਂ 30 ਸਬਦ ਪ੍ਰਤੀ ਮਿੰਟ ਦੀ ਰਫਤਾਰ ਤੇ ਪੰਜਾਬੀ ਅਤੇ ਅੰਗਰੇਜੀ ਟਾਈਪ ਰਾਈਟਿੰਗ ਦਾ ਟੈਸਟ ਕੰਪਿਊਟਰ ਤੇ ਪਾਸ ਕਰਨਾ ਲਾਜਮੀ ਹੋਵੇਗਾ।

<u>ਕਾਰਪੋਰਲ ਇੰਸਟਰਕਟਰ ਦੀ ਆਸਾਮੀ ਲਈ ਚੋਣ ਪ੍ਰੀਕ੍ਰਿਆ:-</u>

(ੳ) ਲਿਖਤੀ ਟੈਸਟ:- ਸਾਰੇ ਯੋਗ ਉਮੀਦਵਾਰਾਂ ਨੂੰ ਲਿਖਤੀ ਟੈਸਟ ਵਿੱਚ ਹਿੱਸਾ ਲੈਣਾ ਹੋਵੇਗਾ, ਜੋ ਕਿ 1●● ਨੰਬਰਾਂ ਦਾ ਹੋਵੇਗਾ। ਇਹ ਟੈਸਟ ਅਜਿਹੇ ਵਿਸਿਆਂ ਤੇ ਅਧਾਰਿਤ ਹੋਵੇਗਾ, ਜਿਵੇਂ ਰਾਸਟਰੀ ਅਤੇ ਅੰਤਰਰਾਸਟਰੀ ਮੁੱਦਿਆਂ ਤੇ ਜਨਰਲ ਅਵੇਅਰਨੈਸ, ਭਾਰਤ ਸਬੰਧੀ ਜਾਣਕਾਰੀ, ਖਾਸ ਤੌਰ ਤੇ ਪੰਜਾਬ ਰਾਜ ਸਬੰਧੀ, ਜਨਰਲ ਸਾਇੰਸ, ਸੂਚਨਾਂ ਤਕਨਾਲੌਜੀ ਅਤੇ ਉਸਦੀ ਐਪਲੀਕੇਸਨਜ ਬਾਰੇ, ਨਯੂਮੈਰੀਕਲ ਐਪਟੀਚਿਊਡ (Numerical Aptitude), ਰੀਜਨਿੰਗ (Reasoning) ਦਾ ਟੈਸਟ ਅਤੇ ਕਾਮਪ੍ਰੀਹੈਂਸਨ (Comprehension) ਆਦਿ। ਇਸ ਟੈਸਟ ਵਿੱਚ ਪਾਸ ਹੋਣ ਲਈ ਘੱਟ ਤੋਂ ਘੱਟ 4●% ਨੰਬਰ ਪ੍ਰਾਪਤ ਕਰਨਾ ਲਾਜਮੀ ਹੈ। ਅਨੁਸੂਚਿਤ ਜਾਤੀ,ਜਨ-ਜਾਤੀ ਅਤੇ ਬੈਕਵਰਡ ਕਲਾਸ ਨਾਲ ਸਬੰਧਤ ਬਿਨੈਕਾਰਾਂ ਲਈ ਇਸ ਟੈਸਟ ਵਿੱਚ 35% ਨੰਬਰ ਘੱਟ ਤੋਂ ਘੱਟ ਪ੍ਰਾਪਤ ਕਰਨਾ ਲਾਜਮੀ ਹੈ।

ਅ) <u>ਫਿਜੀਕਲ ਮੇਜਰਮੈਂਟ ਐਂਡ ਐਫੀਸੈਂਸੀ ਟੈਸਟ:-</u>

ਕੈਟਾਗਿਰੀ	ਫਿਜੀਕਲ ਮੇਜਰਮੈਂਟ				ਫਿਜੀਕਲ ਐਫੀਸੈਂਸੀ			
	ਲੰਬਾਈ	ਛਾਤੀ		ਭਾਰ	ਰੇਸ	ਲੰਬੀ ਛਾਲ	ਉੱਚੀ ਛਾਲ	ਬੈਠਕਾਂ
		ਬਿਨ੍ਹਾਂ ਫੁਲਾਏ	ਫੁਲਾ ਕੇ		ਕੇਵਲ ਇੱਕ ਮੌਕਾ	ਤਿੰਨ ਮੌਕਿਆਂ ਵਿੱਚ।		
ਪੁਰਸ	5'-7"	33 ਇੰਚ	34. 5 ਇੰਚ	ਲਾਗੂ ਨਹੀ	16●● ਮੀਟਰ 6.3● ਮਿੰਟਾਂ ਵਿੱਚ	3.8● ਮੀਟਰ	1.1● ਮੀਟਰ	ਲਾਗੂ ਨਹੀ ।
ਇਸਤਰੀ	5'-3"	ਲਾਗੂ ਨਹੀ	ਲਾਗੂ ਨਹੀ	5● ਕਿੱਲੋ ਗ੍ਰਾਮ	8●● ਮੀਟਰ 4 ਮਿੰਟਾਂ ਵਿੱਚ	3.●● ਮੀਟਰ	●.95 ਮੀਟਰ	ਲਾਗੂ ਨਹੀ
ਐਕਸ ਸਰਵਿਸਮੈਨ (ਪੁਰਸ) (ਉਮਰ 35 ਸਾਲ ਤੋਂ ਘੱਟ)	5'-7"	33 ਇੰਚ	34. 5 ਇੰਚ	ਲਾਗੂ ਨਹੀ	14●● ਮੀਟਰ ●9 ਮਿੰਟ ਵਿੱਚ	ਲਾਗੂ ਨਹੀ	ਲਾਗੂ ਨਹੀ	ਦਸ ਪੂਰੀਆਂ ਬੈਠਕਾਂ
ਐਕਸ ਸਰਵਿਸਮੈਨ (ਪੁਰਸ) (ਉਮਰ 35 ਸਾਲ ਤੋਂ ਵੱਧ)	5'-7"	33 ਇੰਚ	34. 5 ਇੰਚ	ਲਾਗੂ ਨਹੀ	14●● ਮੀਟਰ ਚੱਲਣਾ ਅਤੇ ਦੌੜਨਾ 12 ਮਿੰਟ ਵਿੱਚ	ਲਾਗੂ ਨਹੀ	ਲਾਗੂ ਨਹੀ	ਦਸ ਪੂਰੀਆਂ ਬੈਠਕਾਂ
ਐਕਸ ਸਰਵਿਸਮੈਨ (ਇਸਤਰੀ)	5'-3"	ਲਾਗੂ ਨਹੀ	ਲਾਗੂ ਨਹੀ	ਲਾਗੂ ਨਹੀ	ਲਾਗੂ ਨਹੀ	ਲਾਗੂ ਨਹੀ	ਲਾਗੂ ਨਹੀ	ਲਾਗੂ ਨਹੀ

ਨੋਟ:-

(1) ਬਿਨੈਕਾਰਾਂ ਨੂੰ ਉਪਰੋਕਤ ਸਾਰੇ ਫਿਜੀਕਲ ਐਫੀਸੈਂਸੀ ਟੈਸਟ ਪਾਸ ਕਰਨੇ ਲਾਜਮੀ ਹੋਣਗੇ। ਅਸਫਲ ਰਹਿਣ ਤੇ ਬਿਨੈਕਾਰ ਨੂੰ ਅਯੋਗ ਕਰਾਰ ਦਿੱਤਾ ਜਾਵੇਗਾ ਅਤੇ ਉਸਨੂੰ ਭਰਤੀ ਪ੍ਰੀਕ੍ਰਿਆ ਦੇ ਅਗਲੇ ਪੜਾਅ ਵਿੱਚ ਭਾਗ ਲੈਣ ਦੀ ਇਜਾਜਤ ਨਹੀ ਦਿੱਤੀ ਜਾਵੇਗੀ।

(2) ਉਮੀਦਵਾਰਾਂ ਵਲੋਂ ਲਿਖਤੀ ਟੈਸਟ ਵਿੱਚੋਂ ਪ੍ਰਾਪਤ ਕੀਤੇ ਗਏ ਅੰਕਾਂ ਦੇ ਆਧਾਰ ਤੇ 1:5 ਦੇ ਅਨੁਪਾਤ ਵਿੱਚ ਸਰੀਰਕ ਮਾਪਦੰਡ ਅਤੇ ਸਰੀਰਕ ਕੁਸਲਤਾ ਸਬੰਧੀ ਟੈਸਟ ਲਿਆ ਜਾਵੇਗਾ, ਜੋ ਸਿਰਫ ਕੁਆਲੀਫਾਈਇੰਗ ਹੋਵੇਗਾ। ਸਰੀਰਕ ਮਾਪਦੰਡ ਅਤੇ ਸਰੀਰਕ ਕੁਸਲਤਾ ਟੈਸਟ ਵਿੱਚੋਂ ਕੁਆਲੀਫਾਈ ਕਰਨ ਵਾਲੇ ਉਮੀਦਵਾਰਾਂ ਦੀ ਲਿਖਤੀ ਟੈਸਟ ਵਿੱਚੋਂ ਪ੍ਰਾਪਤ ਕੀਤੇ ਅੰਕਾਂ ਦੇ ਆਧਾਰ ਤੇ ਫਾਈਨਲ ਮੈਰਿਟ ਲਿਸਟ ਤਿਆਰ ਕੀਤੀ ਜਾਵੇਗੀ।

ਨੋਟ:- ਇਨ੍ਹਾਂ ਟੈਸਟਾਂ ਦਾ ਵਿਸਤਰਿਤ ਸਡਿਊਲ ਅਤੇ ਪ੍ਰੋਸੀਜਰ http://recruitment-portal.in. ਤੇ ਉਪਲਬਧ ਹੈ। ਟੈਸਟਾਂ ਦਾ ਇਹ ਸਡਿਊਲ ਕਿਸੇ ਖਾਸ ਕਾਰਨਾਂ/ਹਾਲਾਤਾਂ ਵਿੱਚ ਹੀ ਬਦਲਣਯੋਗ ਹੋਵੇਗਾ।

ਲੜੀ ਨੰ: ●3 ਤੋਂ ਲੜੀ ਨੰ: 11 ਦੀਆਂ ਆਸਾਮੀਆਂ ਦੀ ਚੋਣ ਪ੍ਰੀਕ੍ਰਿਆ:-

ਇਨ੍ਹਾਂ ਆਸਾਮੀਆਂ ਲਈ ਅਪਲਾਈ ਕਰਨ ਵਾਲੇ ਉਮੀਦਵਾਰਾਂ ਦਾ 1●● ਨੰਬਰਾਂ ਦਾ ਲਿਖਤੀ ਟੈਸਟ ਹੋਵੇਗਾ ਅਤੇ ਪਾਸ ਹੋਣ ਵਾਲੇ ਉਮੀਦਵਾਰਾਂ ਨੂੰ ਨਿਰਧਾਰਤ ਬੋਰਡ ਦੁਆਰਾ ਇੱਕ ਸਕਿੱਲ ਟੈਸਟ ਹੋਵੇਗਾ। ਸਕਿੱਲ ਟੈਸਟ ਉਪਰੰਤ ਮੈਰਿਟ ਲਿਸਟ ਬਣਾਈ ਜਾਵੇਗੀ।

ਆਨ-ਲਾਈਨ ਅਪਲਾਈ ਕਿਵੇਂ ਕੀਤਾ ਜਾਵੇ

1) ਵੈਬਸਾਈਟ http://recruitment-portal.in.ਤੇ ਉਪਲਬਧ ਫਾਰਮ "Recruitment in Punjab Home Guards & Civil Defence Department" ਲਿੰਕ ਤੇ ਕਲਿੱਕ ਕਰਕੇ ਭਰਿਆ ਜਾਵੇ।

2) ਆਨ ਲਾਈਨ ਦਰਖਾਸਤਾਂ ਮਿਤੀ ●1.1●.2●16 ਤੋਂ 14.1●.2●16 ਸਾਮ 5.●● ਵਜੇ ਤੱਕ ਹੀ ਪ੍ਰਾਪਤ ਕੀਤੀਆਂ ਜਾਣਗੀਆਂ।

3) ਬਿਨੈਕਾਰ ਆਨ ਲਾਈਨ ਅਰਜੀ ਭਰਨ ਤੋਂ ਬਾਅਦ ਚਲਾਨ ਦਾ ਪ੍ਰਿੰਟ ਪ੍ਰਾਪਤ ਕਰੇਗਾ ਅਤੇ ਪ੍ਰਿੰਟ ਦੀ ਕਾਪੀ (ਜਿਸ ਤੇ ਰਜਿਸਟ੍ਰੇਸਨ ਨੰਬਰ ਅਤੇ ਨਿਰਧਾਰਤ ਫੀਸ ਤਸਦੀਕ ਹੋਵੇਗੀ) ਨਾਲ ਐਕਸਿਸ ਬੈਂਕ ਵਿੱਚ ਫੀਸ ਜਮਾਂ ਕਰਵਾਏਗਾ। ਐਸਸਿਸ ਬੈਂਕ ਵਿੱਚ ਫੀਸ ਜਮਾਂ ਕਰਵਾਉਣ ਦੀ ਮਿਤੀ ●1.1●.2●16 ਤੋਂ 14.1●.2●16 ਤੱਕ ਹੋਵੇਗੀ। ਨਿਰਧਾਰਤ ਫੀਸ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

ਲੜੀ ਨੰ: ●1 ਤੋਂ ●4 ਤੱਕ ਦੀ ਆਸਾਮੀ ਲਈ	**ਰੁ: 6●●/- (ਰੁਪਏ 3●●/ ਐਸ.ਸੀ./ਐਸ.ਟੀ. ਲਈ)**
ਲੜੀ ਨੰ: ●5 ਤੋਂ 11 ਤੱਕ ਦੀਆਂ ਆਸਾਮੀ ਲਈ	**ਰੁ: 3●●/- (ਰੁਪਏ 15●/ ਐਸ.ਸੀ./ਐਸ.ਟੀ. ਲਈ)**

4) ਜੇਕਰ ਬਿਨੈਕਾਰ ਨੇ ਫਾਰਮ ਵਿੱਚ ਗਲਤੀ ਨਾਲ ਗਲਤ ਡਾਟਾ ਭਰ ਦਿੱਤਾ ਹੈ ਤਾਂ ਉਹ ਮਿਤੀ ●1.1●.2●16 ਤੋਂ 15.1●.2●16 (ਸਾਮ 5.●● ਵਜੇ ਤੱਕ) ਦੇ ਦੌਰਾਨ ਆਪਣੇ ਫਾਰਮ ਨੂੰ ਵੈਬਸਾਈਟ ਤੇ ਜਾ ਕੇ ਠੀਕ ਕਰ ਸਕਦਾ ਹੈ। ਬਿਨੈਕਾਰ ਨੂੰ ਆਪਣਾ ਪਾਸਵਰਡ (ਰਜਿਸਟ੍ਰੇਸਨ ਫਾਰਮ ਤੇ ਲਿਖਿਆ) ਯਾਦ ਹੋਣਾ ਅਤੇ ਗੁਪਤ ਰੱਖਣਾ ਲਾਜਮੀ ਹੈ, ਕਿਉਂਕਿ ਫਾਰਮ ਨੂੰ ਠੀਕ ਕਰਨ ਲਈ ਪਾਸਵਰਡ ਦੀ ਲੋੜ ਹੋਵੇਗੀ। ਮਿਤੀ 14.1●.2●16 ਸਾਮ 5.●● ਵਜੇ ਤੋਂ ਬਾਅਦ ਕਿਸੇ ਵੀ ਤਰ੍ਹਾਂ ਦੀ ਸੋਧ ਦੀ ਇਜਾਜਤ ਨਹੀ ਦਿੱਤੀ ਜਾਵੇਗੀ।

5) ਫਾਰਮ ਦੇ ਸਿਖਰ ਤੇ ਲਿਖਿਆ ਰਜਿਸਟ੍ਰੇਸਨ ਨੰਬਰ ਅਗਲੀ ਲਿਖਾਪੜ੍ਹੀ ਲਈ ਵਰਤੋਂ ਵਿੱਚ ਲਿਆਂਦਾ ਜਾਵੇ। ਜਿਨ੍ਹਾਂ ਅਰਜੀਆਂ ਨਾਲ ਲੋੜੀਂਦੀ ਫੀਸ ਪ੍ਰਾਪਤ ਨਹੀ ਹੋਵੇਗੀ, ਉਨ੍ਹਾਂ ਨੂੰ ਰੱਦ ਕਰ ਦਿੱਤਾ ਜਾਵੇਗਾ ਅਤੇ ਅਧੂਰੀਆਂ ਪ੍ਰਾਪਤ ਹੋਈਆਂ ਅਰਜੀਆਂ ਤੇ ਵਿਚਾਰ ਨਹੀ ਕੀਤਾ ਜਾਵੇਗਾ।

6. ਐਪਲੀਕੇਸਨ ਫਾਰਮ ਉੱਤੇ ਇੱਕ ਰਜਿਸਟ੍ਰੇਸਨ ਨੰਬਰ, ਪਾਸਵਰਡ ਹੈ, ਜੋ ਕਿ ਯਾਦ ਰੱਖਣ ਦੀ ਲੋੜ ਹੈ ਅਤੇ ਬਿਨੈਕਾਰ ਦੁਆਰਾ ਗੁਪਤ ਰੱਖਣਾ ਚਾਹੀਦਾ ਹੈ ਤਾਂ ਜੋ ਉਹ ਆਪਣੇ ਐਪਲੀਕੇਸਨ ਫਾਰਮ ਨੂੰ ਲੋੜ ਪੈਣ ਤੇ ਭਵਿੱਖ ਵਿੱਚ ਸੋਧ ਕਰ ਸਕੇ।

7) ਬਿਨੈਕਾਰ ਆਪਣੀ ਫੀਸ ਪ੍ਰਾਪਤੀ ਦੀ ਕੰਨਫਰਮੇਸਨ ਵੈਬਸਾਈਟ ਤੇ ਮਿਤੀ 2●.1●.2●16 ਤੋਂ ਚੈਕ ਕਰ ਸਕਦਾ ਹੈ।

8) ਆਨਲਾਈਨ ਫਾਰਮ ਭਰਨ ਸਬੰਧੀ ਕਿਸੇ ਵੀ ਮਦਦ ਜਾਂ ਸਪਸਟੀਕਰਨ ਲਈ, ਬਿਨੈਕਾਰ ਸੀ-ਡੈਕ, ਮੋਹਾਲੀ ਦੇ ਹੈਲਪਲਾਈਨ ਨੰਬਰ-●172-6619●62-63 ਤੇ ਸਾਰੇ ਕੰਮ ਵਾਲੇ ਦਿਨਾਂ ਵਿੱਚ ਸਵੇਰੇ ●9.●● ਵਜੇ ਤੋਂ ਸਾਮ 6.●● ਵਜੇ ਤੱਕ ਸੰਪਰਕ ਕਰ ਸਕਦਾ ਹੈ।

9) ਇਹ ਬਿਨੈਪੱਤਰ ਭਰਨ ਤੋਂ ਪਹਿਲਾਂ ਵੈਬਸਾਈਟ ਵਿੱਚ ਹਦਾਇਤ ਪੱਤਰ ਵਿੱਚ ਦਰਜ ਸਾਰੀਆਂ ਹਦਾਇਤਾਂ ਧਿਆਨ ਨਾਲ ਪੜ੍ਹੋ।

1●) ਮੈਰਿਟ ਲਿਸਟਾਂ ਅਨੁਸਾਰ ਚੁਣੇ ਗਏ ਉਮੀਦਾਵਰਾਂ ਨੂੰ ਨਿਯੁਕਤੀ ਪੱਤਰ ਜਾਰੀ ਕਰਨ ਤੋਂ ਪਹਿਲਾਂ ਉਨ੍ਹਾਂ ਦੇ ਵਿਦਿਅਕ ਯੋਗਤਾ/ਤਜਰਬੇ ਆਦਿ ਸਬੰਧੀ ਅਸਲ ਸਰਟੀਫਿਕੇਟ ਚੈਕ ਕੀਤੇ ਜਾਣਗੇ।

11) ਬਿਨੈਪੱਤਰ ਭਰਦੇ ਸਮੇਂ ਆਪਣਾ ਨਾਮ, ਪਿਤਾ ਦਾ ਨਾਮ ਉਹੀ ਭਰਿਆ ਜਾਵੇ, ਜੋ ਕਿ ਦਸਵੀਂ ਪੱਧਰ ਜਾਂ ਉੱਪਰਲੀਆਂ ਵਿਦਿਅਕ ਯੋਗਤਾਵਾਂ ਵਿੱਚ ਬੋਰਡ/ਯੂਨੀਵਰਸਿਟੀ ਵਲੋਂ ਜਾਰੀ ਸਰਟੀਫਿਕੇਟ ਵਿੱਚ ਹੈ।

12) ਜਨਮ ਮਿਤੀ ਦੇ ਸਬੂਤ ਲਈ ਕਿਸੇ ਪ੍ਰਵਾਨਿਤ ਬੋਰਡ ਤੋਂ ਜਾਰੀ ਮੈਟ੍ਰਿਕ ਪੱਧਰ ਦਾ ਸਰਟੀਫਿਕੇਟ, ਜਿਸ ਵਿੱਚ ਜਨਮ ਤਾਰੀਖ ਦਾ ਵੇਰਵਾ ਹੋਵੇ। ਇਸ ਸਬੰਧੀ ਰਜਿਸਟਰਾਰ ਜਨਮ ਅਤੇ ਮੌਤ ਜਾਂ ਮਿਊਂਸੀਪਲ ਕਮੇਟੀ/ਕਾਰਪੋਰੇਸਨ ਵਲੋਂ ਜਾਰੀ ਸਰਟੀਫਿਕੇਟ ਨੂੰ ਵੀ ਪ੍ਰਵਾਨ ਮੰਨਿਆ ਜਾਵੇਗਾ।

13) ਪਹਿਲਾਂ ਤੋਂ ਸਰਕਾਰੀ ਸੇਵਾ ਕਰ ਰਹੇ ਬਿਨੈਕਾਰ ਅਨੁਲੱਗ-1 ਅਨੁਸਾਰ ਦਰਸਾਏ ਗਏ ਸਰਟੀਫਿਕੇਟ ਦੀ ਤਸਦੀਕਸੁਦਾ ਕਾਪੀ ਸਰੀਰਕ ਕੁਸਲਤਾ ਪਰਖ ਵਾਲੇ ਦਿਨ ਜਮਾਂ ਕਰਵਾਉਣਗੇ, ਜਿਸ ਉੱਪਰ ਉਸਦੇ ਰੋਜਗਾਰਦਾਤਾ ਵਲੋਂ ਪੂਰੇ ਦਸਤਖਤਾਂ ਸਮੇਂ ਉਸਨੂੰ ਫਾਰਮ (ਰਲੀਵ) ਕਰਨ ਦੀ ਸਹਿਮਤੀ ਦਿੱਤੀ ਹੋਵੇ, ਜੇਕਰ ਉਸ ਦੀ ਪੰਜਾਬ ਹੋਮ ਗਾਰਡਜ ਅਤੇ ਸਿਵਲ ਰੱਖਿਆ ਵਿਭਾਗ ਵਿੱਚ ਉਪਰੋਕਤ ਕਿਸੇ ਵੀ ਆਸਾਮੀ ਤੇ ਚੋਣ ਹੋ ਜਾਂਦੀ ਹੈ।

14) ਸਾਰੇ ਉਮੀਦਵਾਰ ਸਰੀਰਕ ਕੁਸਲਤਾ ਪਰਖ ਵਾਲੇ ਦਿਨ

15) ਆਪਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਸਮੇਂ-ਸਮੇਂ ਤੇ ਹੋਰ ਅਪਡੇਟਸ (Updates) ਪ੍ਰਾਪਤ ਕਰਨ ਲਈ http://recruitment-portal.in.ਤੇ ਵਿਜਿਟ ਕਰੋ।

ਭਰਤੀ ਦਾ ਸਡਿਊਲ/ਮਿਤੀਆਂ ਦਾ ਵੇਰਵਾ (ਟੈਂਟੇਟਿਵ):-

1)	ਫਾਰਮ ਆਨ ਲਾਈਨ ਭਰਨ ਦੀਆਂ ਮਿਤੀਆਂ ਅਤੇ ਆਨ ਲਾਈਨ ਐਡੀਟਿੰਗ ਵਿੱਚ ਉਮੀਦਵਾਰ ਆਪਣੇ ਫਾਰਮ ਵਿੱਚ ਹੋਈ ਗਲਤੀ ਨੂੰ ਸੁਧਾਰ ਸਕਦੇ ਹਨ।	ਮਿਤੀ ●1.1●.2●16 ਤੋਂ 14.1●.2●16 (ਸਾਮ 5.●● ਵਜੇ ਤੱਕ)
2)	ਫੀਸ ਜਮਾਂ ਕਰਵਾਉਣ ਦੀ ਆਖਰੀ ਮਿਤੀ (ਐਕਸਿਸ ਬੈਂਕ (SBOP)	ਮਿਤੀ ●1.1●.2●16 ਤੋਂ 15.1●.2●16 ਤੱਕ (ਸਟੇਟ ਬੈਂਕ ਆਫ ਪਟਿਆਲਾ)
3)	ਜਿਨ੍ਹਾਂ ਉਮੀਦਵਾਰਾਂ ਦੀ ਫੀਸ ਆਖਰੀ ਮਿਤੀ ਤੱਕ ਪ੍ਰਾਪਤ ਹੋ ਜਾਵੇਗੀ, ਉਨ੍ਹਾਂ ਦੀ ਲਿਸਟ	2●.1●.2●16 ਸਵੇਰੇ 11.●● ਵਜੇ ਤੱਕ
4)	ਜਿਨ੍ਹਾਂ ਉਮੀਦਵਾਰਵਾਂ ਦਾ ਨਾਮ ਲਿਸਟ ਵਿੱਚ ਦਰਜ ਨਾ ਹੋਵੇ ਤਾਂ ਸਬੰਧਤ ਉਮੀਦਵਾਰ ਸੀ-ਡੈਕ ਨਾਲ ਸੰਪਰਕ ਕਰ ਸਕਦਾ ਹੈ।	23.1●.2●16 ਸਾਮ 5.●● ਵਜੇ ਤੱਕ।
5)	ਕਲਰਕ ਅਤੇ ਕਾਰਪੋਰਲ ਇੰਸਟਰਕਟਰ ਰੈਂਕ ਦੀਆਂ ਆਸਾਮੀਆਂ ਦੇ ਉਮੀਦਵਾਰਾਂ ਦੀ ਲਿਸਟ ਜਿਹੜੇ ਲਿਖਤੀ ਪੇਪਰ ਲਈ ਯੋਗਤਾ ਹਾਸਲ ਕਰਦੇ ਹਨ। ਲਿਖਤੀ ਪੇਪਰ ਦਾ ਸਥਾਨ ਅਤੇ ਵੇਰਵਾ ਨੈਟ ਉੱਪਰ ਦੇਖਿਆ ਜਾਵੇਗਾ।	25.1●.2●16
5)	ਕਾਰਪੋਰਲ ਇੰਸਟਰਕਟਰਜ ਦੀਆਂ ਆਸਾਮੀਆਂ ਦੇ ਯੋਗ ਉਮੀਦਵਾਰਾਂ ਲਈ ਸਰੀਰਕ ਮਿਆਰ/ਸਰੀਰਕ ਕੁਸਲਤਾ ਦਾ ਸਡਿਊਲ ਅਤੇ ਸਥਾਨ	ਯੋਗ ਉਮੀਦਵਾਰਾਂ ਦਾ ਵੇਰਵਾ ਮਿਤੀ 26.1●.2●1 ਨੂੰ ਵੈਬਸਾਈਟ http://recruitment-portal.in.ਤੇ ਉਪਲਬਧ ਹੋਵੇਗਾ।

ਇਹ ਸਾਰੀ ਜਾਣਕਾਰੀ ਇਸੇ ਹੀ ਵੈਬਸਾਈਟ ਉੱਤੇ ਦਿੱਤੀ ਜਾਵੇਗੀ।

<u>ਨੱਥੀ ਕਰਨ ਵਾਲੇ ਦਸਤਾਵੇਜ:-</u>

ਸਰੀਰਕ ਮਿਣਤੀ ਅਤੇ ਸਰੀਰਕ ਕੁਸਲਤਾ ਪਰਖ ਵਾਲੇ ਦਿਨ ਸਾਰੇ ਉਮੀਦਵਾਰ ਹੇਠ ਲਿਖੇ ਸਰਟੀਫਿਕੇਟ ਅਤੇ ਦਸਤਾਵੇਜਾਂ ਦੀਆਂ ਸਵੈ-ਤਸਦੀਕਸੁਦਾ ਕਾਪੀਆਂ ਲੈ ਕੇ ਆਉਣਗੇ। ਇਹ ਸਰਟੀਫਿਕੇਟ ਕੇਵਲ ਉਨ੍ਹਾਂ ਉਮੀਦਵਾਰਾਂ ਵਲੋਂ ਜਮਾਂ ਕਰਵਾਏ ਜਾਣਗੇ, ਜੋ ਸਾਰੇ ਸਰੀਰਕ ਕੁਸਲਤਾ ਪਰਖ ਪੜਾਵਾਂ ਵਿੱਚ ਪਾਸ ਹੋ ਜਾਣਗੇ:-

1) ਜਨਮ ਮਿਤੀ ਦੇ ਸਬੂਤ ਵਜੋਂ ਦਸਵੀਂ ਜਮਾਤ ਦੇ ਪ੍ਰਮਾਣ ਪੱਤਰ (ਸਰਟੀਫਿਕੇਟ/ਰਜਿਸਟਰਾਰ ਜਨਮ ਅਤੇ ਮੌਤ ਜਾਂ ਮਿਊਂਸੀਪਲ ਕਮੇਟੀ/ਕਾਰਪੋਰੇਸਨ ਵਲੋਂ ਜਾਰੀ ਜਨਮ ਸਰਟੀਫਿਕੇਟ ਦੀ ਸਵੈ ਤਸਦੀਕਸੁਦਾ ਕਾਪੀ)।

2) ਵਿਦਿਅਕ ਯੋਗਤਾਵਾਂ ਦੇ ਸਬੂਤ ਵਜੋਂ ਪ੍ਰਮਾਣ ਪੱਤਰ (ਸਰਟੀਫਿਕੇਟਾਂ ਦੀਆਂ ਸਵੈ-ਤਸਦੀਕਸੁਦਾ ਕਾਪੀਆਂ)

3) ਕਿਸੇ ਪ੍ਰਮਾਣਿਤ ਬੋਰਡ ਤੋਂ ਦਸਵੀਂ ਪੱਧਰ ਤੱਕ ਪੰਜਾਬੀ ਚੋਣਗੇ/ਲਾਜਮੀ ਵਿਸੇ ਵਿੱਚ ਪਾਸ ਕਰਨ ਸਬੰਧੀ ਸਬੂਤ ਵਜੋਂ ਦਸਵੀਂ ਪਾਸ ਦੇ ਨਤੀਜੇ ਕਾਰਡ/ਸਰਟੀਫਿਕੇਟ ਦੀ ਸਵੈ-ਤਸਦੀਕਸੁਦਾ ਕਾਪੀ। ਅਜਿਹੀਆਂ ਆਸਾਮੀਆਂ ਜਿਨ੍ਹਾਂ ਦੀ ਵਿਦਿਅਕ ਯੋਗਤਾ ਮੈਟ੍ਰਿਕੁਲੇਸਨ/ਦਸਵੀਂ ਤੋਂ ਘੱਟ ਹੈ, ਅਜਿਹੇ ਕੇਸ ਵਿੱਚ ਪੰਜਾਬੀ ਭਾਸਾ ਦਾ ਸਟੈਂਡਰਡ ਸਬੰਧੀ ਸਰਟੀਫਿਕੇਟ ਲੋੜ ਅਨੁਸਾਰ ਪੇਸ ਕੀਤਾ ਜਾਵੇ। ਪੰਜਾਬੀ ਭਾਸਾ ਸਬੰਧੀ ਜਾਣਕਾਰੀ ਲਈ ਭਾਸਾ ਵਿਭਾਗ, ਪੰਜਾਬ ਵਲੋਂ ਜਾਰੀ ਸਰਟੀਫਿਕੇਟ ਵੀ ਮੰਨਿਆ ਜਾਵੇਗਾ।

4) ਅਨੁਸੂਚਿਤ ਜਾਤੀਆਂ/ਪੱਛੜੀਆਂ ਸ੍ਰੇਣੀਆਂ ਦੇ ਬਿਨੈਕਾਰਾਂ ਲਈ ਜਾਤ/ਸ੍ਰੇਣੀ ਦੇ ਪ੍ਰਮਾਣ ਪੱਤਰ (ਸਰਟੀਫਿਕੇਟ) ਦੀ ਸਵੈ-ਤਸਦੀਕਸੁਦਾ ਕਾਪੀ। ਇਹ ਸਰਟੀਫਿਕੇਟ ਪ੍ਰੋਫਾਰਮੇ ਤੇ ਐਸ.ਡੀ.ਐਮ., ਤਹਿਸੀਲਦਾਰ ਅਤੇ ਹੋਰ ਸਰਕਾਰ ਵਲੋਂ ਨਿਰਧਾਰਤ ਕੀਤੇ ਗਏ ਸਮਰੱਥ ਅਧਿਕਾਰੀਆਂ ਵਲੋਂ ਜਾਰੀ ਕੀਤਾ ਹੋਣਾ ਚਾਹੀਦਾ ਹੈ।

5) ਪੱਛੜੀਆਂ ਸ੍ਰੇਣੀਆਂ ਦੇ ਬਿਨੈਕਾਰਾਂ ਲਈ ਸ੍ਰੇਣੀ ਦਾ ਪ੍ਰਮਾਣ ਪੱਤਰ ਸਰਕਾਰ ਦੀਆਂ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਨੁਸਾਰ ਸਮਰੱਥ ਅਧਿਕਾਰੀ ਵਲੋਂ ਜਾਰੀ ਕੀਤਾ ਹੋਵੇ, ਦੀ ਸਵੈ-ਤਸਦੀਕਸੁਦਾ ਕਾਪੀ।

6) ਜਿੱਥੇ ਬਿਨੈਕਾਰ ਸਾਬਕਾ ਫੌਜੀ ਹੋਵੇ, ਡਿਸਚਾਰਜ ਸਰਟੀਫਿਕੇਟ ਦੀ ਸਵੈ-ਤਸਦੀਕਸੁਦਾ ਕਾਪੀ।

7) ਜੇਕਰ ਬਿਨੈਕਾਰ ਸਰਕਾਰੀ ਨੌਕਰੀ ਵਿੱਚ ਹੈ ਜਾਂ ਬਤੌਰ ਹੋਮ ਗਾਰਡਜ ਵਲੰਟੀਅਰ ਹੈ, ਤਾਂ ਸਬੰਧਤ ਵਿਭਾਗ/ਸੰਸਥਾ ਵਲੋਂ ਜਾਰੀ ਕੀਤਾ ਗਿਆ "ਕੋਈ ਇਤਰਾਜ ਨਹੀ" ਦਾ ਅਸਲ ਸਰਟੀਫਿਕੇਟ ਨੱਥੀ ਕੀਤਾ ਜਾਵੇ।

ਨੋਟ:- ਬਿਨੈਪੱਤਰਾਂ ਦੀ ਸਕਰੀਨਿੰਗ ਕੀਤੀ ਜਾਵੇਗੀ ਤਾਂ ਜੋ ਯੋਗਤਾ ਦਾ ਮਿਆਰ ਪੂਰਾ ਨਾ ਕਰ ਸਕਣ ਵਾਲਿਆਂ ਅਤੇ ਗਲਤ ਜਾਂ ਅਧੂਰੇ ਬਿਨੈਪੱਤਰਾਂ ਦੀ ਛਾਂਟੀ ਕੀਤੀ ਜਾ ਸਕੇ।

<u>ਦਸਤਾਵੇਜਾਂ ਦੀ ਪਰਖ:-</u>

ਨਿਯੁਕਤੀ ਪੱਤਰ ਦੇਣ ਤੋਂ ਪਹਿਲਾਂ ਉਮੀਦਵਾਰ ਦੇ ਵਿਦਿਅਕ ਅਤੇ ਹੋਰ ਪ੍ਰਮਾਣ ਪੱਤਰਾਂ/ਸਰਟੀਫਿਕੇਟਾਂ ਦੀ ਪਰਖ ਕੀਤੀ ਜਾਵੇਗੀ। ਜਿਹੜੇ ਬਿਨੈਕਾਰਾਂ ਦੇ ਉਪਰੋਕਤ ਦਸਤਾਵੇਜ ਅਯੋਗ/ਜਾਅਲੀ ਪਾਏ ਜਾਣਗੇ, ਉਨ੍ਹਾਂ ਨੂੰ ਨਾ ਤਾਂ ਸਿਰਫ ਨਿਯੁਕਤੀ ਦੇ ਅਯੋਗ ਕਰਾਰ ਦਿੱਤਾ ਜਾਵੇਗਾ ਬਲਕਿ ਉਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ ਵੀ ਕੀਤੀ ਜਾਵੇਗੀ।

<u>ਡਾਕਟਰੀ ਮੁਆਇੰਨਾ:-</u>

ਉਹ ਬਿਨੈਕਾਰ ਜਿਨ੍ਹਾਂ ਨੂੰ ਨਿਯੁਕਤੀ ਲਈ ਚੁਣਿਆ ਜਾਵੇਗਾ, ਨੂੰ ਆਪਣੀ ਨਿਯੁਕਤੀ ਲਈ ਯੋਗ ਸਾਬਤ ਕਰਨ ਲਈ ਡਾਕਟਰੀ ਮੁਆਇੰਨਾ ਸਰਕਾਰੀ ਹਦਾਇਤਾਂ ਮੁਤਾਬਿਕ ਕਰਵਾਉਣਾ ਪਵੇਗਾ।

<u>ਹੋਰ ਮਹੱਤਵਪੂਰਨ ਸਰਤਾਂ:-</u>

1) ਟੈਸਟ ਦੀ ਪ੍ਰੀਕ੍ਰਿਆ ਦੌਰਾਨ ਕਿਸੇ ਕਿਸਮ ਦੀ ਦੁਰਘਟਨਾ ਵਾਪਰਨ ਜਾਂ ਸੱਟ ਲੱਗ ਜਾਣ ਬਾਰੇ ਸਰਕਾਰ/ਪੰਜਾਬ ਹੋਮ ਗਾਰਡਜ ਅਤੇ ਸਿਵਲ ਰੱਖਿਆ ਵਿਭਾਗ, ਪੰਜਾਬ, ਚੰਡੀਗੜ੍ਹ ਜਿੰਮੇਵਾਰ ਨਹੀ ਹੋਵੇਗਾ।

2) ਚੋਣ ਪ੍ਰੀਕ੍ਰਿਆ ਵਿੱਚ ਕੁਆਲੀਫਾਈ ਹੋਣ ਅਤੇ ਡਾਕਟਰੀ ਮੁਆਇੰਨਾ ਕੀਤੇ ਜਾਣ ਤੋਂ ਇਹ ਭਾਵ ਨਹੀ ਹੋਵੇਗਾ ਕਿ ਬਿਨੈਕਾਰ ਦੀ ਨਿਯੁਕਤੀ ਪੱਕੀ ਹੋ ਗਈ ਹੈ। ਬਲਕਿ ਪ੍ਰਣਾਲੀ ਦੇ ਅੰਤ ਵਿੱਚ ਡਾਕਟਰੀ ਪ੍ਰੀਖਿਆ ਹੋ ਜਾਣ ਅਤੇ ਇਸ ਵਿੱਚੋਂ ਪਾਸ ਹੋ ਜਾਣ ਨਾਲ ਨਿਯੁਕਤੀ ਪੱਤਰ ਸ੍ਰੇਣੀਵਾਰ ਅਲਾਟ ਕੀਤੀਆਂ ਆਸਾਮੀਆਂ ਅਨੁਸਾਰ ਹੀ ਕੀਤੇ ਜਾਣਗੇ।

3) ਉਮੀਦਵਾਰ ਵਲੋਂ ਪੰਜਾਬ ਹੋਮ ਗਾਰਡਜ ਅਤੇ ਸਿਵਲ ਰੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਪ੍ਰਭਾਵਿਤ ਕਰਨ ਦੀ ਕੋਸਿਸ ਕਰਨ ਤੇ ਵਿਭਾਗ ਵਲੋਂ ਸਪੀਕਿੰਗ ਆਰਡਰ ਪਾਸ ਕਰਕੇ ਉਮੀਦਵਾਰ ਨੂੰ ਅਯੋਗ ਕਰਾਰ ਕਰ ਦਿੱਤਾ ਜਾਵੇਗਾ। ਇਸ ਲਈ ਉਮੀਦਵਾਰ ਸਰੀਰਕ ਯੋਗਤਾ ਟੈਸਟ ਅਤੇ ਲਿਖਤੀ ਟੈਸਟ ਪਾਸ ਕਰਨ ਲਈ ਸਿਰਫ ਸਖਤ ਮਿਹਨਤ ਤੇ ਧਿਆਨ ਦੇਣ ਅਤੇ ਆਪਣਾ ਸਮਾਂ ਅਤੇ ਭਵਿੱਖ ਗਲਤ ਅਨਸਰਾਂ ਦੇ ਪਿੱਛੇ ਲੱਗ ਕੇ ਦਾਓ ਤੇ ਨਾ ਲਗਾਉਣ।

4) ਕਾਰਪੋਰਲ ਇੰਸਟਰਕਟਰ ਦੀ ਆਸਾਮੀ ਲਈ ਅਪਲਾਈ ਕਰਨ ਵਾਲੇ ਉਮੀਦਵਾਰਾਂ ਨੂੰ ਸਰੀਰਕ ਕੁਸਲਤਾ ਟੈਸਟ ਵਿੱਚ ਪੇਸ ਹੋਣ ਸਮੇਂ ਮੌਸਮ ਅਨੁਸਾਰ ਪੀ.ਟੀ. ਕਿੱਟ ਨਾਲ ਲੈ ਕੇ ਆਉਣੀ ਲਾਜਮੀ ਹੋਵੇਗੀ।

5) ਇਸਤਿਹਾਰ ਸਾਰੀਆਂ ਆਸਾਮੀਆਂ ਦੀ ਚੋਣ ਪ੍ਰਕਿਰਿਆ ਦਾ ਸਮਾਂ ਲੰਮਾ ਹੋਣ ਕਾਰਨ ਉਮੀਦਵਾਰਾਂ ਨੂੰ ਆਪਣੀ ਰਿਹਾਇਸ ਅਤੇ ਖਾਣ ਪੀਣ ਸਬੰਧੀ ਪ੍ਰਬੰਧ ਆਪਣੇ ਪੱਧਰ ਤੇ ਕਰਨਗੇ।

6) ਇਸ ਵਿਭਾਗ ਵਿੱਚ ਨਿਯੁਕਤੀ ਉਪਰੰਤ ਕਿਸੇ ਵੀ ਉਮੀਦਵਾਰ ਦੀ ਦੂਜੇ ਵਿਭਾਗਾਂ ਵਿੱਚ ਬਦਲੀ/ਡੈਪੂਟੇਸਨ/ਨਵੀਂ ਭਰਤੀ ਸਬੰਧੀ ਪ੍ਰਤੀਬੇਨਤੀ ਤਿੰਨ ਸਾਲ ਤੱਕ ਫਾਰਵਰਡ ਨਹੀ ਕੀਤੀ ਜਾਵੇਗੀ। ਚੁਣੇ ਗਏ ਉਮੀਦਵਾਰ ਫਸਟ ਕਲਾਸ ਮੈਜਿਸਟ੍ਰੇਟ ਤੋਂ ਤਸਦੀਕ ਸੁਦਾ ਹਲਫੀਆ ਬਿਆਨ ਦੇਣਗੇ ਕਿ ਉਹ ਤਿੰਨ ਸਾਲ ਤੱਕ ਕਿਸੇ ਹੋਰ ਵਿਭਾਗ ਵਿੱਚ ਆਪਣੀ ਬਦਲੀ/ਡੈਪੂਟੇਸਨ/ਨਵੀਂ ਭਰਤੀ ਸਬੰਧੀ ਪ੍ਰਤੀਬੇਨਤੀ ਨਹੀ ਦੇਣਗੇ।

<u>ਐਲਾਨਨਾਮਾ</u>

1) ਹਾਲਾਂਕਿ ਹਰ ਪੱਖੋਂ ਲੋੜੀਦੀਂ ਜਾਣਕਾਰੀ ਇਸ ਪ੍ਰਾਸਪੋਕਟ ਵਿੱਚ ਦੱਸੀ ਗਈ ਹੈ, ਲੇਕਿਨ ਕਿਸੇ ਕਾਰਨ ਕਰਕੇ ਜੇਕਰ ਬਿਨੇਕਾਰ ਨੂੰ ਭਰਤੀ ਸਬੰਧੀ ਕੋਈ ਜਾਣਕਾਰੀ ਜਾਂ ਲੋੜੀਦੀ ਸੂਚਨਾ ਪ੍ਰਾਪਤ ਨਹੀ ਹੁੰਦੀ ਤਾਂ

ਉਹ ਜਾਣਕਾਰੀ ਹਾਸਲ ਕਰਨ ਲਈ ●172-6619●63-64 ਤੇ ਫੋਨ ਕਰਕੇ ਸੀ-ਡੈਕ, ਮੋਹਾਲੀ ਤੋਂ ਪ੍ਰਾਪਤ ਕਰ ਸਕਦਾ ਹੈ।

2) **ਸਾਵਧਾਨ** : ਵਿਚੋਲਿਆਂ ਤੋਂ ਬਚੋ, ਇਹ ਸਭ ਨੂੰ ਸੂਚਿਤ ਕੀਤਾ ਜਾਦਾ ਹੈ ਕਿ ਜੇਕਰ ਕੋਈ ਵਿਅਕਤੀ ਪੈਸਿਆਂ ਦੀ ਮੰਗ ਕਰਦਾ ਹੈ ਜਾਂ ਭਰਤੀ ਕਰਵਾਉਣ ਦਾ ਵਾਅਦਾ ਕਰਦਾ ਹੈ ਤਾਂ ਭਰਤੀ ਉਪਮੰਡਲ ਦੇ ਨਿਗਰਾਨ ਜਾਂ ਪੰਜਾਬ ਹੋਮ ਗਾਰਡਜ ਅਤੇ ਸਿਵਲ ਰੱਖਿਆ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਤੁਰੰਤ ਸੂਚਨਾ ਦੇਵੋ। ਇਹ ਸਾਰੀ ਭਰਤੀ ਯੋਗਤਾ ਦੇ ਆਧਾਰ ਤੇ ਕੀਤੀ ਜਾ ਰਹੀ ਹੈ।

3) ਭਰਤੀ ਸਬੰਧੀ ਮਿਤੀਆਂ ਦੇ ਸਡਿਊਲ ਵਿੱਚ ਕਿਸੇ ਐਮਰਜੈਂਸੀ ਜਾਂ ਕਿਸੇ ਅਣਦੇਖੀ ਸਥਿਤੀ ਕਾਰਨ ਬਦਲ ਕੀਤੀ ਜਾ ਸਕਦੀ ਹੈ। ਜਿਸ ਦਾ ਵੇਰਵਾ ਸੀ-ਡੈਕ ਦੀ ਵੈਬਸਾਈਟ http://recruitment-portal.in.ਤੇ ਦਿੱਤਾ ਜਾਵੇਗਾ।

4) ਉਮੀਦਵਾਰ ਇਸ ਵੈਬਸਾਇਟ ਤੇ ਦਿੱਤੇ ਗਏ ਅੱਪਡੇਟ ਨੂੰ ਜਰੂਰ ਦੇਖਦੇ ਰਹਿਣ।

ਲਿਖਤੀ ਇਮਤਿਹਾਨ ਓ.ਐਮ.ਆਰ (O.M.R) Sheet ਭਰਨ ਸਬੰਧੀ ਹਦਾਇਤਾਂ:-

1) ਗੋਲੇ (Circle) ਨੂੰ ਪੂਰੀ ਤਰਾਂ ਭਰਨ ਲਈ ਸਿਰਫ ਕਾਲਾ ਜਾਂ ਨਿਲਾਂ ਬਾਲ ਪੁਆਂਇੰਟ ਪੈਨ ਹੀ (Circle) ਕਰਨ ਲਈ ਵਰਤਿਆ ਜਾਵੇ।

2) ਉਦਾਹਰਨ ਵਿੱਚ ਵਿਖਾਏ ਹਰੇਕ ਪ੍ਰਸਨ ਅਨੁਸਾਰ ਛੱਲਿਆਂ (Circles) ਨੂੰ ਭਰੋ।

3) ਇਕ ਵਾਰ ਭਰੇ ਗਏ ਪ੍ਰਸਨ ਦੇ ਜਵਾਬ ਨੂੰ ਦੁਬਾਰਾ ਬੱਦਲਿਆ ਜਾਂ ਮਿਟਾਇਆ ਨਹੀ ਜਾ ਸਕਦਾ।

4) ਜੇਕਰ ਕੰਟਿਗ ਹੋਵੇਗੀ ਤਾਂ ਉਸ ਪ੍ਰਸਨ ਦੇ ਨੰਬਰ ਨਹੀ ਦਿੱਤੇ ਜਾਣਗੇ।

5) ਨਿਸਾਨ ਸਿਰਫ ਉੱਥੇ ਹੀ ਲਾਉ ਜਿੱਥੇ ਥਾਂ ਦਿੱਤੀ ਗਈ ਹੈ ਅਤੇ ਕ੍ਰਿਪਾ ਕਰਕੇ ਉਤਰ ਸੀਟ (Answer Sheet) ਤੇ ਕਿਸੇ ਹੋਰ ਥਾਂ ਉਪਰ ਨਿਸਾਨ ਦੇਹੀ ਨਾ ਕੀਤੀ ਜਾਵੇ।(Answer Sheet)

6) ਉਤਰਸੀਟ (Answer Sheet) ਤੇ ਕੱਚਾ ਕੰਮ ਬਿਲਕੁਲ ਨਹੀ ਕਰਨਾ।

7) ਤੁਸੀ ਜਿਸ ਸਵਾਲ ਦਾ ਜੁਆਬ ਦੇ ਰਹੇ ਹੋ, ਉਸ ਸਵਾਲ ਦੇ ਅੰਕ (Number) ਅਨੁਸਾਰ ਹੀ Number ਆਪਣੇ ਜੁਆਬ ਦੀ ਦਿੱਤੀ ਗਈ ਥਾਂ ਵਿੱਚ ਨਿਸਾਨ ਲਗਾਉ।

ਲਿਖਤੀ ਪ੍ਰੀਖਿਆ ਲਈ ਜਰੂਰੀ ਹਦਾਇਤਾਂ:-

1) ਹਰੇਕ ਉਮੀਦਵਾਰ ਲਿਖਤੀ ਪ੍ਰੀਖਿਆ ਸੁਰੂ ਹੋਣ ਤੋਂ ਅੱਧਾ ਘੰਟਾ ਪਹਿਲਾਂ ਰਿਪੋਰਟ ਕਰੇਗਾ। ਲੇਟ ਆਉਣ ਦੀ ਸੂਰਤ ਵਿੱਚ ਪ੍ਰੀਖਿਆ ਵਿੱਚ ਬੈਠਣ ਨਹੀ ਦਿੱਤਾ ਜਾਵੇਗਾ।

2) ਹਰੇਕ ਉਮੀਦਵਾਰ ਪ੍ਰਸਨ ਪੱਤਰ ਹੱਲ ਕਰਨ ਲਈ ਜਰੂਰੀ ਸਮਾਨ ਬਾਲ ਪੁਆਇੰਟ ਪੈਨ (ਨੀਲਾ/ਕਾਲਾ) ਅਤੇ ਗੱਤਾ ਨਾਲ ਲੈ ਕੇ ਆਵੇਗਾ।

3) ਕਿਸੇ ਵੀ ਉਮੀਦਵਾਰ ਨੂੰ ਲਿਖਤੀ ਪ੍ਰੀਖਿਆ ਵੇਲੇ ਮੋਬਾਇਲ ਫੋਨ ਅਤੇ ਕਿਸੇ ਵੀ ਤਰਾਂ ਦੀ ਕੋਈ ਕਿਤਾਬ ਜਾਂ ਇਤਰਾਜ ਯੋਗ ਸਮੱਗਰੀ ਆਦਿ ਲੈ ਕੇ ਜਾਣ ਦੀ ਇਜਾਜਤ ਨਹੀ ਹੋਵੇਗੀ।

4) ਲਿਖਤੀ ਪ੍ਰੀਖਿਆ ਦੌਰਾਨ ਜੇਕਰ ਕੋਈ ਉਮੀਦਵਾਰ ਨਕਲ ਕਰਦਾ ਜਾਂ ਕੋਈ ਹੋਰ ਗਲਤ ਤਰੀਕਾ ਅਖਤਿਆਰ ਕਰਦਾ ਫੜਿਆ ਗਿਆ ਤਾਂ ਉਮੀਦਵਾਰ ਨੂੰ ਇਸ ਭਰਤੀ ਦੇ ਅਯੋਗ ਕਰਾਰ ਦਿੱਤਾ ਜਾਵੇਗਾ। ਮੌਕੇ ਉਪਰ ਹਾਜਰ ਅਫਸਰ ਵੱਲੋਂ ਕੀਤਾ ਗਿਆ ਫੈਸਲਾ ਅੰਤਮ ਹੋਵੇਗਾ।

ਅਨੁਲੱਗ-1

ਇਤਰਾਜਹੀਣਤਾ ਸਰਟੀਫਿਕੇਟ

ਤਸਦੀਕ ਕੀਤਾ ਜਾਂਦਾ ਹੈ ਕਿ ਸ੍ਰੀ/ਸ੍ਰੀਮਤੀ..... ਪੁੱਤਰ/ ਪੁੱਤਰੀ/ ਪਤਨੀ/ ਸ੍ਰੀ..... ਵਾਸੀ..... ਜਿਲਾ..... ਜੋ ਕਿ ਇਸ (ਵਿਭਾਗ/ਸੰਸਥਾਂ ਦਾ ਨਾਮ)..... ਵਿੱਚ ਬਤੌਰ (ਅਹੁੱਦਾ)..... ਮਿਤੀ..... ਤੋਂ ਨੌਕਰੀ ਕਰ ਰਿਹਾ ਹੈ। ਇਸ ਕਰਮਚਾਰੀ ਨੇ ਇਸ ਵਿਭਾਗ/ਸੰਸਥਾਂ ਨੂੰ ਆਪਣੀ ਉਮੀਦਵਾਰੀ ਬਾਰੇ ਮਿਤੀ ..... ਨੂੰ ਜਾਣੂ ਕਰਵਾ ਦਿੱਤਾ ਹੈ। ਇਸ ਵਿਭਾਗ / ਸੰਸਥਾਂ ਨੂੰ ਇਸ ਉਮੀਦਵਾਰ ਦੀ ਪੰਜਾਬ ਹੋਮ ਗਾਰਡਜ ਅਤੇ ਸਿਵਲ ਰੱਖਿਆ ਵਿਭਾਗ ਵਿੱਚ ਭਰਤੀ ਉਪਰ ਕੋਈ ਇਤਰਾਜ ਨਹੀ ਹੈ। ਜੇਕਰ ਉਮੀਦਵਾਰ ਸ੍ਰੀ/ਸ੍ਰੀਮਤੀ..... ਪੰਜਾਬ ਹੋਮ ਗਾਰਡਜ ਅਤੇ ਸਿਵਲ ਰੱਖਿਆ ਵਿਭਾਗ ਵਿੱਚ ਅਪਲਾਈ ਕੀਤੀ ਆਸਾਮੀ ਤੇ ਚੁਣਿਆ ਜਾਦਾ ਹੈ ਤਾਂ ਇਹ ਵਿਭਾਗ ਇਸ ਨੂੰ ਫਾਰਗ ਕਰ ਦੇਵੇਗਾ।

ਨੰਬਰ:

ਸਥਾਨ: ਵਿਭਾਗ/ਸੰਸਥਾਂ ਦੇ ਮੁੱਖੀ ਦੇ ਦਸਤਖਤ

ਮਿਤੀ: ਸਮੇਤ ਮੋਹਰ